# ਦਫਤਰ ਨਗਰ ਪੰਚਾਇਤ, ਜ਼ੀਰਕਪੁਰ (ਐਸ.ਏ.ਐਸ. ਨਗਰ)

ਨੰਬਰ 7620 ਮਿਤੀ 26/3/07

ਸ੍ਰੀ Dinesh Jindal

ਪੁੱਤਰ ਸ੍ਰੀ Peer Muchalla

ਪਤਾ

**ਵਿਸ਼ਾ : ਇਮਾਰਤ ਦੀ ਉਸਾਰੀ ਦੀ ਪ੍ਰਵਾਨਗੀ ।**

ਆਪ ਦਾ ਨਕਸ਼ਾ ਨੰ: 2007 ਮਿਤੀ 16/1/07 ਜੋ ਵਾਕਿਆ ................................ ਦਾ ਉਸਾਰੀ ਦਾ ਸੀ ਦੇ ਸੰਬੰਧ ਵਿੱਚ ਆਪ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਆਪ ਦੀ ਬਿਲਡਿੰਗ ਉਸਾਰੀ ਦੀ ਪ੍ਰਵਾਨਗੀ ਨਗਰ ਪੰਚਾਇਤ, ਜ਼ੀਰਕਪੁਰ ਵੱਲੋਂ ਨਿਮਨ ਲਿਖਤ ਅਧਾਰ 'ਪ੍ਰਵਾਨ ਕਰ ਲਿਆ ਹੈ।

1. ਆਪਣੀ ਮਲਕੀਅਤ ਜਗ੍ਹਾ ਦੇ ਪ੍ਰਵਾਨ ਨਕਸ਼ੇ ਅਨੁਸਾਰ ਉਸਾਰੀ ਕਰੋਗੇ ਅਤੇ ਨਗਰ ਪੰਚਾਇਤ ਦੇ ਬਿਲਡਿੰਗ ਬਾਈਲਾਜ ਦੀ ਉਲੰਘਣਾ ਨਹੀਂ ਕਰੋਗੇ।
2. ਆਪਣੇ ਨਕਸ਼ੇ ਵਿੱਚ ਦੱਸੀ ਜਗਾਂ ਦੀ ਮਲਕੀਅਤ ਦਾ ਕੋਈ ਝਗੜਾ ਪੈਦਾ ਹੋਇਆ ਅਤੇ ਉਸ ਥਾਂ ਪਰ ਨਗਰ ਪੰਚਾਇਤ, ਜ਼ੀਰਕਪੁਰ ਜਾਂ ਸਰਕਾਰ ਦਾ ਕਬਜ਼ਾ ਸਾਬਤ ਹੋਇਆ ਤਾਂ ਉਸ ਦੀ ਸਾਰੀ ਜਿੰਮੇਵਾਰੀ ਆਪ ਦੀ ਹੋਵੇਗੀ ਅਤੇ ਜਗ੍ਹਾਂ ਬਿਨਾਂ ਮੁਆਵਜਾ ਦਿੱਤੇ ਖਾਲੀ ਕਰਨੀ ਪਵੇਗੀ। ਇਹ ਮਨਜ਼ੂਰੀ ਕੇਵਲ ਪੰਜਾਬ ਮਿਉਂਸਪਲ ਐਕਟ, 1911 ਅਤੇ ਧਾਰਾ 189 ਅਧੀਨ ਹੈ ਅਤੇ ਜ਼ਮੀਨ ਦੀ ਮਲਕੀਅਤ ਸਬੰਧੀ ਮੁੱਖ ਅਧਿਕਾਰਾਂ ਤੇ ਇਸ ਦਾ ਕੋਈ ਅਸਰ ਨਹੀ ਹੋਵੇਗਾ।
3. ਕੰਮ ਸ਼ੁਰੂ ਕਰਨ ਤੋਂ ਪਹਿਲਾਂ ਨਿਸ਼ਾਨ ਦੇਹੀ ਨਗਰ ਪੰਚਾਇਤ, ਜ਼ੀਰਕਪੁਰ ਦੇ ਅਧਿਕਾਰੀ ਕਰਮਚਾਰੀ ਦੀ ਹਾਜਰੀ ਵਿੱਚ ਲਈ ਜਾਵੇ ਅਤੇ ਉਸਾਰੀ ਦੇ ਸਮੇਂ ਪ੍ਰਵਾਨ ਕੀਤੇ ਗਏ ਨਕਸ਼ੇ ਦੀ ਕਾਪੀ ਮੌਕੇ ਤੇ ਮੌਜੂਦ ਰੱਖੀ ਜਾਵੇ ਅਤੇ ਨਗਰ ਪੰਚਾਇਤ ਦੇ ਕਿਸੇ ਵੀ ਅਧਿਕਾਰੀ ਵੱਲੋਂ ਮੌਕੇ ਤੇ ਇਹ ਚੈਕ ਕੀਤੀ ਜਾ ਸਕਦੀ ਹੈ।
4. ਬਿਲਡਿੰਗ ਅਤੇ ਸਾਈਟ ਪਲਾਨ ਦੀ ਇੱਕ ਕਾਪੀ ਪ੍ਰਵਾਨਤ ਕਾਪੀ ਨਾਲ ਭੇਜੀ ਜਾਂਦੀ ਹੈ ਮੰਨਜੂਰੀ ਦੀ ਮਿਆਦ ਕੇਵਲ ਇੱਕ ਸਾਲ ਹੈ। ਜੇਕਰ ਮੰਨਜ਼ੂਰੀ ਤੋਂ ਇੱਕ ਸਾਲ ਦੇ ਅੰਦਰ ਉਸਾਰੀ ਨਹੀ ਕੀਤੀ ਜਾਂਦੀ ਤਾਂ ਮਨਜੂਰੀ ਬਿਨਾਂ ਨੋਟਿਸ ਤੋਂ ਰੱਦ ਹੋ ਜਾਵੇਗੀ।
5. ਮਕਾਨ ਦੀ ਉਸਾਰੀ ਸੁਰੂ ਕਰਨ ਦੀ ਲਿਖਤੀ ਸੂਚਨਾ ਫਾਰਮ -ਸ ਉਪਰ ਦੇਣੀ ਅਤਿ ਜ਼ਰੂਰੀ ਹੈ।
6. ਬਿਨੈਕਾਰ ਵੱਲੋਂ ਉਸਾਰੀ ਕਰਦੇ ਸਮੇਂ ਇਮਾਰਤ ਉਤੇ ਇੱਕ ਬੋਰਡ ਲਗਾਇਆ ਜਾਵੇਗਾ ਜਿਸ ਤੇ ਇਮਾਰਤ ਦਾ ਪਲਾਟ ਨੰਬਰ, ਮਾਲਕ ਦਾ ਨਾਮ ਅਤੇ ਉਸਾਰੀ ਦੀ ਸੁਪਰਵੀਜਨ ਕਰਨ ਵਾਲੇ ਆਰਕੀਟੈਕਟ/ਇੰਜੀਨੀਅਰ /ਡਰਾਫਟਸਮੈਂਟ/ਸਰਵੇਅਰ ਦਾ ਨਾਮ ਲਿਖਿਆ ਹੋਵੇ।
7. ਬਿਨੈਕਾਰ ਵਲੋਂ ਉਸਾਰੀ ਸਮੇਂ ਨੀਹਾਂ ਪੁੱਟਦੇ, ਨੀਹਾਂ ਭਰਨ, ਪਲਿੰਥ ਬਣਾਉਣ, ਪਹਿਲੀ ਮੰਜਿਲ ਅਤੇ ਹੋਰ ਮੰਜ਼ਿਲਾਂ ਉਸਾਰਨ ਅਤੇ ਇਮਾਰਤ ਦੀ ਉਸਾਰੀ ਮੁਕੰਮਲ ਹੋਣ ਅਤੇ ਰਿਹਾਇਸ਼ ਕਰਨ ਸਬੰਧੀ ਸਮੇਂ-ਸਮੇਂ ਸਿਰ ਸਰਟੀਫਿਕੇਟ ਉਸ ਅਧਿਕਰੀ ਤੋਂ ਦਿਵਾਇਆ ਜਾਵੇਗਾ, ਜਿਸ ਵੱਲੋਂ ਉਸ ਦੀ ਇਮਾਰਤ ਦੀ ਉਸਾਰੀ ਦੀ ਸੁਪਰਵੀਜ਼ਨ ਕੀਤੀ ਜਾ ਰਹੀ ਹੈ ਅਤੇ ਇਹ ਸਰਟੀਫਿਕੇਟ ਨਗਰ ਪੰਚਾਇਤ, ਜ਼ੀਰਕਪੁਰ ਵੱਲੋਂ ਤਸਦੀਕ ਕਰਨ ਤੇ ਗਲਤ ਪਾਏ ਜਾਣ ਦੀ ਸੂਰਤ ਵਿੱਚ ਬਿਨੈਕਾਰ ਨੂੰ ਦਿੱਤੀ ਗਈ ਪ੍ਰਵਾਨਗੀ ਰੱਦ ਸਮਝੀ ਜਾਵੇਗੀ।
8. ਬਿਨੈਕਾਰ ਨਗਰ ਪੰਚਾਇਤ ਤੋਂ ਬਿਨਾਂ ਆਕੂਪੇਸ਼ਨ ਸਰਟੀਫਿਕੇਟ ਲਿਆ ਬਿਲਡਿੰਗ ਦੀ ਵਰਤੋਂ ਨਹੀਂ ਕਰ ਸਕੇਗਾ।
9. ਬਿਨੈਕਾਰ ਨੂੰ ਜੇਕਰ ਨਗਰ ਪੰਚਾਇਤ, ਜ਼ੀਰਕਪੁਰ ਤੋਂ ਇਲਾਵਾ ਉਸਾਰੀ ਲਈ ਕਿਸੇ ਹੋਰ ਵਿਭਾਗ ਜਾਂ ਅਦਾਰੇ ਤੋਂ ਮੰਨਜ਼ੂਰੀ ਲੈਣ ਦੀ ਲੋੜ ਹੋਵੇ ਤਾਂ ਉਸ ਨੂੰ ਲੈਣ ਦੀ ਜਿੰਮੇਵਾਰੀ ਬਿਨੈਕਾਰ ਦੀ ਆਪਣੀ ਹੋਵੇਗੀ।

Scanned by CamScanner

**ਜ਼ਰੂਰੀ ਨੋਟ :** ਆਪ ਵੱਲੋਂ ਪ੍ਰਵਾਨ ਕੀਤੇ ਨਕਸ਼ੇ ਦੀ ਉਲੰਘਣਾ ਕਰਨ/ਬਿਲਡਿੰਗ ਬਾਈਲਾਜ ਦੀ ਉਲੰਘਣਾ ਕਰਨ ਜਾਂ ਨਗਰ ਪੰਚਾਇਤ, ਜ਼ੀਰਕਪੁਰ ਨੂੰ ਗਲਤ ਜਾਣਕਾਰੀ ਦੇ ਕੇ ਨਕਸ਼ਾ ਪਾਸ ਕਰਵਾ ਲੈਣ ਦੀ ਸੂਰਤ ਵਿੱਚ ਬਿਨਾਂ ਕੋਈ ਨੋਟਿਸ ਦਿੱਤੇ ਆਪ ਦੀ ਇਹ ਮੰਨਜੂਰੀ ਰੱਦ ਕਰਨ ਦਾ ਅਧਿਕਾਰ ਨਗਰ ਪੰਚਾਇਤ ਨੂੰ ਹੈ ਅਤੇ ਬਿਨੈਕਾਰ ਨਗਰ ਪੰਚਾਇਤ ਤੋਂ ਕੋਈ ਮੁਆਵਜ਼ਾ ਨਹੀਂ ਵਸੂਲ ਕਰ ਸਕਦਾ। ਨਗਰ ਪੰਚਾਇਤ, ਜ਼ੀਰਕਪੁਰ ਦੀ ਜਗ੍ਹਾਂ/ ਸੜਕ ਉਤੇ ਕਿਸੇ ਪ੍ਰਕਾਰ ਦੀ ਇੰਕਰੋਚਮੈਂਟ ਕਰਨ ਦੀ ਪ੍ਰਵਾਨਗੀ ਨਹੀਂ ਹੈ। ਇੰਕਰੋਚਮੈਂਟ ਕਰਨ ਅਤੇ ਬਿਲਡਿੰਗ ਬਾਈਲਾਜ ਦੀ ਉਲੰਘਣਾ ਕਰਨ, ਗਲਤ ਬਿਆਨੀ ਕਰਨ ਦੀ ਸੂਰਤ ਵਿੱਚ ਨ ਕੇਵਲ ਪੰਜਾਬ ਮਿਉਂਸਪਲ ਐਕਟ ਅਨੁਸਾਰ ਕਾਰਵਾਈ ਕੀਤੀ ਜਾਵੇਗੀ। ਬਲਕਿ ਭਾਰਤ ਦੀ ਦੰਡ ਨਿਯਮਤਾ ਅਧੀਨ ਕਾਰਵਾਈ ਕੀਤੀ ਜਾਵੇਗੀ, ਜਿੰਸ ਦੇ ਹਰਜੇ ਵਾ ਖਰਚੇ ਦਾ ਬਿਨੈਕਾਰ ਖੁਦ ਜਿੰਮੇਵਾਰ ਹੋਵੇ ਗਾ।

ਕਾਰਜ ਸਾਧਕ ਅਫਸਰ,
ਨਗਰ ਪੰਚਾਇਤ, ਜ਼ੀਰਕਪੁਰ,

ਪਿੱਠ ਅੰਕਣ ਨੰ: ............... ਮਿਤੀ:.............

1. ਇਸ ਦਾ ਇੱਕ ਉਤਾਰਾ ਸ੍ਰੀ .........................................................................................................................

ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਕਿਉਂ ਜੋ ਉਕਤ ਨਕਸ੍ਹਾ ਆਪ ਵੱਲੋਂ ਤਿਆਰ ਕਰਕੇ ਪੇਸ਼ ਕੀਤਾ ਗਿਆ ਹੈ ਅਤੇ ਬਿਲਡਿੰਗ ਬਾਈਲਾਜ਼ ਅਨੁਸਾਰ ਇਸ ਬਿਲਡਿੰਗ ਦੀ ਉਸਾਰੀ ਦੀ ਨਿਗਰਾਨੀ ਆਪ ਵੱਲੋਂ ਕੀਤੀ ਜਾਣੀ ਹੈ। ਇਸ ਲਈ ਰੂਲਜ ਅਨੁਸਾਰ ਇਸ ਇਮਾਰਤ ਦੀ ਉਸਾਰੀ ਸਬੰਧੀ ਸਮੇਂ ਸਮੇਂ ਸਿਰ ਲੋੜੀਂਦੇ ਸਰਟੀਫਿਕੇਟ ਨਗਰ ਪੰਚਾਇਤ ਦੀ ਬਿਲਡਿੰਗ ਸ਼ਾਖਾ ਵਿੱਚ ਦਿੱਤੇ ਜਾਣ ਅਤੇ ਅਜਿਹਾ ਨਾਂ ਕਰਨ ਦੀ ਸੂਰਤ ਵਿੱਚ ਅਤੇ ਸਹੀ ਤੱਥ ਦਫਤਰ ਨੂੰ ਨਾਂ ਦੱਸਣ ਦੀ ਸੂਰਤ ਵਿੱਚ ਆਪ ਦੇ ਵਿਰੁੱਧ ਵੀ ਕਾਨੂੰਨ ਅਨੁਸਾਰ ਕਾਰਵਾਈ ਕੀਤੀ ਜਾਵੇਗੀ।

2. ਇਸ ਦਾ ਇੱਕ ਉਤਾਰਾ : ਏ.ਟੀ.ਪੀ./ਬਿਲਡਿੰਗ ਇੰਸਪੈਕਟਰ/ਡਰਾਫਟਸਮੈਨ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਹ ਉਕਤ ਦਰਸਾਈਆਂ ਗਈਆਂ ਸਰਤਾਂ ਦੀ ਪਾਲਣਾ ਕਰਾਉਣ ਲਈ ਕਾਰਵਾਈ ਕਰੇ।

ਕਾਰਜ ਸਾਧਕ ਅਫਸਰ,
ਨਗਰ ਪੰਚਾਇਤ, ਜ਼ੀਰਕਪੁਰ।

Scanned by CamScanner